Read what the whole country is reading
MBD
SAPHALTA KA SADHAN
Himachal : 3rd to 10th
Punjab/Haryana : 3rd to 8th
AVAILABLE WITH ALL BOOK SHOP NEAR YOU

ਪੰਜਾਬੀ ਟ੍ਰਿਬਿਊਨ
ਲੋਕ ਆਵਾਜ਼
ਸਾਲ : 36 | ਅੰਕ : 271 | ਚੰਡੀਗੜ੍ਹ/ਨਵੀਂ ਦਿੱਲੀ/ਜਲੰਧਰ/ਬਠਿੰਡਾ | ਸ਼ੁੱਕਰਵਾਰ, 16 ਮਈ 2014 | 3 ਜੇਠ, ਨਾਨਕਸ਼ਾਹੀ ਸੰਮਤ : 546 | ਪੰਨੇ : 10+4+14 | ਮੁੱਲ : ₹ 2.50

MAX Healthcare
30 ਸਾਲ ਤਕ ਚਲਣ ਵਾਲੇ ਅਧੁਨਿਕ ਗੋਡੇ ਅਤੇ ਚੂਲੇ ਦੇ ਜੋੜ
ਸੰਪਰਕ ਕਰੋ 09914046677

# ਰਾਸ਼ਟਰੀ ਪੈਨਸ਼ਨ ਸਕੀਮ ਲਾਂਚ

**ਵਪਾਰ ਪ੍ਰਤੀਨਿਧ**
**ਚੰਡੀਗੜ੍ਹ, 15 ਮਈ**

ਭਵਿੱਖਮੁਖੀ ਵਿੱਤੀ ਲੋੜਾਂ-ਥੋੜ੍ਹਾਂ ਦੀ ਪੂਰਤੀ ਲਈ ਹੁਣ ਰਾਸ਼ਟਰੀ ਪੈਨਸ਼ਨ ਸਕੀਮ ਪੇਸ਼ ਹੋਈ ਹੈ। ਇਸ ਸਕੀਮ ਵਿੱਚ 18 ਤੋਂ 60 ਸਾਲ ਦੇ ਭਾਰਤੀ ਨਾਗਰਿਕ ਲਾਭ ਪ੍ਰਾਪਤ ਕਰ ਸਕਣਗੇ। ਅਲੰਕਿਤ ਅਸਾਈਨਮੈਂਟਸ ਅਤੇ ਐਨਐਸਡੀਐਲ ਨੇ ਭਾਰਤ ਸਰਕਾਰ ਦੀ ਮਨਜ਼ੂਰੀ ਦੇ ਤਹਿਤ ਇਹ ਸਕੀਮ ਸਾਂਝੇ ਰੂਪ ਵਿੱਚ ਪੇਸ਼ ਕੀਤੀ ਹੈ। ਇਹ ਸਕੀਮ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ ਦੇ ਵਿਧੀ-ਵਿਧਾਨ ਤਹਿਤ ਚੱਲੇਗੀ।

ਕਾਰਪੋਰੇਟ ਹਸਤੀਆਂ ਦੀ ਬੈਠਕ ਦੌਰਾਨ ਐਨਐਸਡੀਐਲ ਦੇ ਕਾਰਜਕਾਰੀ ਮੀਤ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਇਹ ਸਕੀਮ ਟੈਕਸਮੁਕਤ, ਬੱਚਤਕਾਰੀ, ਘੱਟ ਖਰਚੇ ਵਾਲੀ ਅਤੇ ਪਾਰਦਰਸ਼ੀ ਹੋਏਗੀ। ਅਲੰਕਿਤ ਗਰੁੱਪ ਮੈਨੇਜਿੰਗ ਡਾਇਰੈਕਟਰ ਅਲੋਕ ਕੁਮਾਰ ਅਗਰਵਾਲ ਨੇ ਕਿਹਾ ਕਿ ਸਾਨੂੰ ਭਾਰਤੀ ਨਾਗਰਿਕਾਂ ਲਈ ਲੰਮੇ ਸਮੇਂ ਦੀ ਬੱਚਤ ਵਿੱਚ ਹਿੱਸਾ ਪਾਉਣ ਦੀ ਸੇਵਾ ਕਰਨ ਦਾ ਅਹਿਮ ਮੌਕਾ ਮਿਲਿਆ ਹੈ। ਭਾਰਤ ਸਰਕਾਰ ਦੀ ਬੱਚਤ ਯੋਜਨਾ ਵਿੱਚ ਹਿੱਸਾ ਪਾ ਕੇ ਅਸੀਂ ਆਪਣੇ ਗਾਹਕਾਂ ਦੀ ਨਿਯਮਤ ਬੱਚਤ ਲਈ ਸੰਜੀਦਗੀ ਨਾਲ ਭੂਮਿਕਾ ਨਿਭਾਵਾਂਗੇ।

**News Source:** Punjab Tribune, Chandigarh, 15th May 2014